بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 25.03.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

23 ਮਾਰਚ ਦਾ ਦਿਨ ਜਮਾਤ ਅਹਮਦੀਆ ਵਿੱਚ ਬਹੁਤ ਮਹਤੱਵਪੂਰਨ ਦਿਨ ਹੈ, ਉਸ ਰੱਬ ਨੇ ਜੋ ਉਮੱਤਿ ਮੁਹਮੱਦੀਆ ਜਾਂ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਤੋਂ ਵਾਦਾ ਕੀਤਾ ਸੀ ਉਹ ਪੂਰਾ ਹੋਇਆ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਪੇਸ਼ਗੋਈ (ਭਵਖਿਬਾਣੀ) ਪੂਰੀ ਹੋਈ ਅਤੇ ਇਸਲਾਮ ਦੇ ਪੁਨਰਉਥੱਾਨ ਦੇ ਜੁੱਗ ਦਾ ਅਰੰਭ ਹੋਇਆ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਮਾਰਚ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਦੋ ਦਿਨ ਪਹਿਲਾਂ 23 ਮਾਰਚ ਸੀ । ਇਹ ਦਿਨ ਜਮਾਤ ਅਹਮਦੀਆ ਵਿੱਚ ਬਹੁਤ ਮਹਤੱਵਪੂਰਨ ਦਿਨ ਹੈ, ਉਸ ਰੱਬ ਨੇ ਜੋ ਉਮੱਤਿ ਮੁਹਮੱਦੀਆ ਜਾਂ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਤੋਂ ਵਾਦਾ ਕੀਤਾ ਸੀ ਉਹ ਪੂਰਾ ਹੋਇਆ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਪੇਸ਼ਗੋਈ ਪੂਰੀ ਹੋਈ ਅਤੇ ਇਸਲਾਮ ਦੇ ਪੁਨਰ ਉਥੱਾਨ ਦੇ ਜੁੱਗ ਦਾ ਅਰੰਭ ਹੋਇਆ । ਰੱਬ ਨੇ ਇਸ ਦਿਨ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੂੰ ਇਸ ਦਿਨ ਮਸੀਹ ਮੌਊਦ ਅਤੇ ਮਹਦੀ ਮਾਹੂਦ ਹੋਣ ਦਾ ਐਲਾਨ ਕਰਨ ਦੀ ਆਗਿਆ ਦਿੱਤੀ ਜਿੰਨ੍ਹਾ ਨੇ ਜਿੱਥੇ ਰੱਬ ਦੇ ਇਕ ਹੋਣ ਨੂੰ ਦੁਨੀਆ ਵਿੱਚ ਸਥਾਪਨ ਕਰਨ ਲਈ ਪ੍ਰਮਾਣ ਤੇ ਦਲੀਲਾਂ ਪੇਸ਼ ਕਰਨੀਆ ਸਨ ਓਥੇ ਇਸਲਾਮ ਧਰਮ ਦੀ ਸਾਰਿਆਂ ਧਰਮਾ ਉਪੱਰ ਵੱਡਿਆਈ, ਸੰਪੂਰਨਤਾ ਤੇ ਕਾਮਲ ਧਰਮ ਹੋਣਾ ਸਾਬਤ ਕਰਦਿਆਂ ਹੋਇਆਂ ਪ੍ਰਮਾਣਤ ਕਰਨਾ ਸੀ ਅਤੇ ਰੱਬ ਦੇ ਅੰਤਮ ਨਬੀ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੇ ਪ੍ਰੇਮ ਨਾਲ ਦਿਲਾਂ ਨੂੰ ਭਰਨਾ ਸੀ । ਸੋ, ਅੱਜ ਅਸੀਂ ਉਹ ਖ਼ੁਸ਼ਨਸੀਬ ਲੋਕ ਹਨ ਜੋ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਸ਼ਾਮਲ ਹਨ । ਸਾਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਨਣਾ ਜਿੱਥੇ ਖ਼ੁਸ਼ੀ ਤੇ ਧੰਨਵਾਦ ਦਾ ਮੁਕਾਮ ਹੈ ਓਥੇ ਸਾਡੀ ਜ਼ਿੰਮੇਦਾਰੀਆਂ ਵੀ ਵਧਾਉਂਦਾ ਹੈ । ਇਸ ਲਈ ਸਾਨੂੰ ਆਪਣੀਆਂ ਜ਼ਿੰਮੇਦਾਰੀਆਂ ਨੂੰ ਜਾਨਣ ਤੇ ਉਹਨਾਂ ਨੂੰ ਪੂਰਾ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ । ਸਾਡੀਆਂ ਜ਼ਿੰਮੇਦਾਰੀਆਂ ਕੀ ਹਨ ? ਸਾਡੀਆਂ ਜ਼ਿੰਮੱਦਾਰੀਆਂ ਉਹਨਾਂ ਕੰਮਾ ਨੂੰ ਅੱਗੇ ਚਲਾਉਂਣਾ ਹੈ ਜਿੰਨ੍ਹਾ ਦੀ ਪੂਰਨਤਾ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਪ੍ਰਗਟ ਹੋਏ । ਫਿਰ ਹੀ ਅਸੀਂ ਉਹਨਾਂ ਲੋਕਾਂ ਵਿੱਚ ਸ਼ੁਮਾਰ ਹੋ ਸਕਦੇ ਹਾਂ ਜਿੰਨ੍ਹਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹ ਕੇ ਨਵੇਂ ਅਕਾਸ਼ ਬਨਾਉਣ ਵਾਲਿਆਂ ਵਿੱਚ ਸ਼ਾਮਲ ਹੋਣਾ ਸੀ । ਇਸ ਲਈ ਇਹਨਾਂ ਜ਼ਿੰਮੇਦਾਰੀਆਂ ਨੂੰ ਸਮਝਣ ਲਈ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵੱਲ ਦੇਖਣਾ ਹੋਵੇਗਾ ਕਿ ਆਪ ਦੇ ਪ੍ਰਕਟ ਹੋਣ ਦਾ ਮੰਤਵ ਕੀ ਸੀ ਅਤੇ ਅਸੀਂ ਉਸ ਨੂੰ ਕਿੱਥੋਂ ਤੱਕ ਸਮਝਿਆ ਹੈ ਅਤੇ ਆਪਣੇ ਉਪੱਰ ਲਾਗੂ ਕੀਤਾ ਹੈ ਅਤੇ ਉਹਨਾਂ ਨੂੰ ਅੱਗੇ ਫੈਲਾਉਣ ਵਿੱਚ ਆਪਣਾ ਕੀ ਕਿਰਦਾਰ ਨਿਭਾਇਆ ਹੈ ਜਾਂ ਨਿਭਾ ਰਹੇ ਹਾਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਉਹ ਕੰਮ ਜਿਸ ਲਈ ਰੱਬ ਨੇ ਮੈਨੂੰ ਪ੍ਰਕਟ ਕੀਤਾ ਹੈ ਉਹ ਇਹ ਹੈ ਕਿ ਰੱਬ ਵਿੱਚ ਅਤੇ ਰੱਬ ਦੀ ਮਖ਼ਲੂਕ ਦੇ ਸੰਬੰਧਾਂ ਵਿੱਚ ਜੋ ਵਿੱਥ ਤੇ ਵੈਰ ਪੈ ਗਿਆ ਹੈ ਉਸ ਨੂੰ ਦੂਰ ਕਰਕੇ

ਪ੍ਰੇਮ ਤੇ ਸਦਭਾਵਨਾ ਦੇ ਸੰਬੰਧ ਨੂੰ ਮੁੜ੍ਹ ਕਾਇਮ ਕਰਾਂ ਅਤੇ ਦੂਜੀ ਗੱਲ ਸਚੱਾਈ ਦੇ ਪ੍ਰਗਟਵੇ ਨਾਲ ਜੰਗਾ ਗੁੱਧਾਂ ਦਾ ਖ਼ਾਤਮਾ ਕਰਕੇ ਸੁਲਾਹ (ਮਿਲਵਰਤਨ) ਦੀ ਨੀਂਹ ਪਾਵਾਂ । ਫਿਰ ਇਹ ਕਿ ਧਾਰਮਕ ਸਚੱਾਈਆਂ ਜੋ ਦੁਨੀਆ ਦੀਆਂ ਅੱਖਾਂ'ਚੋਂ ਅਲੋਪ ਹੋ ਗਈਆਂ ਹਨ ਉਹਨਾਂ ਨੂੰ ਪ੍ਰਕਟ ਕਰਾ ਦਿਆਂ, ਚੌਥੀ ਗੱਲ ਇਹ ਅਤੇ ਉਹ ਆਤਮਕਤਾ ਜੋ ਨਫ਼ਸਾਨੀ ਹਨ੍ਹੇਰਿਆਂ ਹੇਠ ਦੱਬ ਗਈਆਂ ਹਨ ਇਸ ਦਾ ਨਮੂਨਾ ਦਿਖਾਵਾਂ । ਫਿਰ ਇਹ ਕਿ ਰੱਬ ਦੀਆਂ ਸ਼ਕਤੀਆਂ ਜੋ ਮਨੁੱਖ ਵਿੱਚ ਦਾਖ਼ਲ ਹੋਕੇ ਧਿਆਨ ਜਾਂ ਦੁਆ ਬਣਕੇ ਪ੍ਰਕਟ ਹੁੰਦੀਆਂ ਹਨ ਵਰਤਮਾਨ ਵਿੱਚ ਨ ਕਿ ਕੇਵਲ ਗੱਲਾਂ ਰਾਹੀਂ ਉਹਨਾਂ ਨੂੰ ਵਰਨਣ ਕਰਾਂ ਅਤੇ ਸਭ ਤੋਂ ਵੱਧ ਇਹ ਕਿ ਉਹ ਖ਼ਾਲਸ ਤੇ ਚਮਕਦੀ ਹੋਈ ਤੌਹੀਦ ਜੋ ਹਰ ਇਕ ਸ਼ਿਰਕ (ਅਨੇਕ ਈਸ਼ਵਰ ਵਾਦ) ਦੀ ਮਿਲਾਵਟ ਤੋਂ ਖਾਲੀ ਹੈ ਉਸ ਦਾ ਮੁੜ ਸਦੈਵੀ ਪੌਦਾ ਕੌਮ ਵਿੱਚ ਲਾਵਾਂ । ਅਤੇ ਇਹ ਸਭ ਕੁਝ ਮੇਰੀ ਸ਼ਕਤੀ ਤੋਂ ਨਹੀ ਹੋਵੇਗਾ ਸਗੋਂ ਉਸ ਰੱਬ ਦੀ ਸ਼ਕਤੀ ਨਾਲ ਹੋਵੇਗਾ ਜੋ ਆਕਾਸ਼ਾਂ ਤੇ ਧਰਤੀ ਦਾ ਰੱਬ ਹੈ ।

ਸੋ, ਇਸ ਹਵਾਲੇ ਵਿੱਚ ਸੱਤ ਮੁਢੱਲੀਆਂ ਤੇ ਮਹਤੱਵਪੂਰਨ ਗੱਲਾਂ ਵਰਨਣ ਹੋਈਆਂ ਹਨ ਜੋ ਇਸ ਜੁੱਗ ਦੀਆਂ ਲੋੜਾਂ ਹਨ ਜਿਸ ਦਾ ਸਾਰ ਰੂਪ ਇਸ ਹਵਾਲੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤਾ ਹੈ । ਅਤੇ ਜੱਦ ਆਪਨੇ ਇਹ ਫ਼ਰਮਾਇਆ ਕਿ ਇਸ ਕੰਮ ਲਈ ਰੱਬ ਨੇ ਮੈਂਨੂੰ ਭੇਜਿਆ ਹੈ ਤਾਂ ਪ੍ਰਕਟ ਹੈ ਕਿ ਇਸ ਦਾ ਅਰਥ ਇਹੋ ਹੈ ਕਿ ਆਪ ਦੇ ਮਨ੍ਹਣ ਵਾਲੇ ਇਹਨਾਂ ਗੱਲਾਂ ਨੂੰ ਆਪਨੇ ਅੰਦਰ ਪੈਦਾ ਕਰਕੇ ਇਸਲਾਮ ਦੀ ਸੁੰਦਰਤਾ ਅਤੇ ਜੀਉਂਦੇ ਧਰਮ ਹੋਣ ਨੂੰ ਦੁਨੀਆਂ ਨੂੰ ਦਿਖਾਉਣ । ਇਸ ਲਈ ਸਾਡਾ ਪਹਿਲਾ ਅਤੇ ਸਭ ਤੋਂ ਵਡੱਾ ਫ਼ਰਜ਼ ਹੈ, ਜੋ ਬਣਦਾ ਹੈ, ਉਹ ਇਹ ਹੈ ਕਿ ਰੱਬ ਨਾਲ ਸੰਬੰਧ ਵਿਚ ਅੱਗੇ ਵਧੀਏ ਅਤੇ ਉਸ ਨੂੰ ਮਜ਼ਬੂਤ ਕਰੀਏ । ਰੱਬ ਅਤੇ ਉਸ ਦੇ ਰਸੂਲ ਅਤੇ ਉਸ ਦੇ ਧਰਮ ਨਾਲ ਸੰਬੰਧ ਅਤੇ ਪ੍ਰੇਮ ਤੇ ਈਮਾਨਦਾਰੀ ਵਿੱਚ ਵੱਧੀਏ । ਦੁਨੀਆ ਨੂੰ ਦੱਸੀਏ ਕਿ ਮਸੀਹ ਮੌਊਦ ਦੇ ਪ੍ਰਕਟ ਹੋਣ ਨਾਲ ਧਾਰਮਕ ਜੰਗਾ ਦਾ ਖ਼ਾਤਮਾ ਹੋ ਚੁੱਕਿਆ ਹੈ । ਇਹ ਇਕ ਮੰਤਵ ਹੈ ਅਤੇ ਹੁਣ ਦੁਨੀਆ ਨੂੰ ਇਕ ਉਮੱਤ ਬਨਾਉਣ ਲਈ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦਾ ਸਚੱਾ ਗ਼ੁਲਾਮ ਹੀ ਹੈ ਜਿਸ ਨੂੰ ਰੱਬ ਸਾਰਿਆਂ ਨਬੀਆਂ ਦੇ ਪਹਿਰਾਵੇ ਵਿੱਚ ਭੇਜਿਆ । ਆਪ ਦੇ ਮਿਸ਼ਨ ਅਨੁਸਾਰ ਇਸਲਾਮ ਦੀ ਸੁੰਦਰ ਸਿੱਖਿਆ ਅਤੇ ਉਸ ਦੀ ਸਚੱਾਈ ਅਸੀਂ ਦੁਨੀਆਂ ਉਪੱਰ ਪ੍ਰਤਖ ਕਰਨਾ ਹੈ ਅਤੇ ਉਸ ਲਈ ਆਪਣੇ ਕਰਮਾ ਨੂੰ ਨਮੂਨਾ ਬਨਾਉਣਾ ਹੋਵੇਗਾ । ਆਤਮਕਤਾ ਵਿੱਚ ਵਧੱਣ ਦੇ ਨਮੂਨੇ ਵੀ ਕਾਇਮ ਕਰਨੇ ਹੋਣਗੇ । ਆਪਣੀਆਂ ਨਫ਼ਸਾਨੀ (ਭੌਤਕ) ਇਛੱਾਵਾਂ ਨੂੰ ਵੀ ਦੂਰ ਕਰਨਾ ਹੋਵੇਗਾ । ਦੁਨੀਆਂ ਨੂੰ ਦਿਖਾਉਣਾ ਹੋਵੇਗਾ ਕਿ ਉਹ ਰੱਬ ਅੱਜ ਵੀ ਉਸੇ ਪ੍ਰਕਾਰ ਦੁਆਵਾਂ ਨੂੰ ਸੁਣਦਾ ਹੈ ਅਤੇ ਆਪਣੇ ਖ਼ਾਲਸ ਬੰਦਿਆਂ ਨੂੰ ਆਪਣੇ ਫ਼ਰਸਤਾਦਿਆਂ (ਭੇਜੇ ਹੋਇਆਂ) ਨੂੰ ਜਵਾਬ ਵੀ ਦਿੰਦਾ ਹੈ ਜਿਵੇਂ ਪਹਿਲਾਂ ਦਿੰਦਾ ਸੀ । ਆਪਣੇ ਖ਼ਾਲਸ ਬੰਦਿਆਂ ਦੇ ਦਿਲਾਂ ਦੀ ਤਸੱਲੀ ਦੇ ਸਾਧਨ ਵੀ ਕਰਦਾ ਹੈ । ਦੁਨੀਆਂ ਨੂੰ ਅਸੀਂ ਦਸੱਣਾ ਹੈ ਕਿ ਰੱਬ ਇਕ ਹੈ । ਹਰ ਚੀਜ਼ ਹਲਾਕ ਹੋਣ ਵਾਲੀ ਹੈ ਖ਼ਤਮ ਹੋਣ ਵਾਲੀ ਹੈ ਕੇਵਲ ਉਸੇ ਦਾ ਵਿਅਕਤੀਤਵ ਹੈ ਜੋ ਹਮੇਸ਼ਾ ਤੋਂ ਹੈ ਅਤੇ ਹਮੇਸ਼ਾ ਰਹੇਗਾ । ਇਸ ਲਈ ਸਾਡਾ ਜੀਵਨ ਉਸ ਇਕ ਰੱਬ ਨਾਲ ਜੋ ਹਮੇਸ਼ਾ ਰਹਿਣ ਵਾਲਾ ਰੱਬ ਹੈ ਨਾਲ ਸੰਬੰਧਤ ਹੋਣ ਵਿੱਚ ਹੀ ਹੈ । ਜੱਦ ਅਸੀਂ 23 ਮਾਰਚ ਨੂੰ 'ਯੌਮੇ ਮਸੀਹ ਮੌਊਦ'' ਮਨਾਉਂਦੇ ਹਾਂ ਤਾਂ ਇਹਨਾਂ ਗੱਲਾਂ ਦੀ ਸਾਨੂੰ ਪੜਤਾਲ ਵੀ ਕਰਨੀ ਚਾਹੀਦੀ ਹੈ ਕਿ ਜੋ ਗੱਲਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੁਨੀਆ ਵਿੱਚ ਪੈਦਾ ਕਰਨ ਆਏ ਸਨ ਅਤੇ ਅਸੀਂ ਜੋ ਆਪ ਦੇ ਮਨ੍ਹਣ ਵਾਲੇ ਹਾਂ ਕੀ ਸਾਡੇ ਵਿੱਚ ਇਹ ਗੱਲਾਂ ਪੈਦਾ ਹੋ ਗਈਆਂ ਹਨ ਜਾਂ ਕੀ ਅਸੀਂ ਇਸ ਇਨਕਲਾਬ ਨੂੰ ਆਪਣੇ ਅੰਦਰ ਪੈਦਾ ਕਰਨ ਦਾ ਜਤਨ ਕਰ ਰਹੇ ਹਾਂ । ਫਿਰ ਅਨੇਕਾਂ ਹੀ ਥਾਵਾਂ ਉਪੱਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਪ੍ਰਕਟ ਹੋਣ ਦੇ ਮੰਤਵ ਤੇ ਉਦੇਸ਼ਿਆਂ ਦਾ ਵਿਸਥਾਰ ਵੀ ਵਰਨਣ ਕੀਤਾ ਹੈ । ਆਪ ਅਲੈਹਿ ਸਲਾਮ ਦੇ ਕੁਝ ਹਵਾਲੇ ਮੈਂ ਪੇਸ਼ ਕਰਦਾ ਹਾਂ । ਇਕ ਮੌਕੇ ਆਪ ਨੇ ਫ਼ਰਮਾਇਆ ਕਿ ਇਹ ਨਿਮਾਣਾ ਤਾਂ ਕੇਵਲ ਇਸ ਮੰਤਵ ਲਈ ਭੇਜਿਆ ਗਿਆ ਹੈ ਕਿ ਰੱਬ ਦੇ ਸੰਦੇਸ਼ ਲੋਕਾ ਤੱਕ ਪਹੁੰਚਾਏ ਕਿ ਸਾਰਿਆਂ ਧਰਮਾਂ'ਚੋਂ ਉਹ ਧਰਮ ਸਚੱਾਈ ਉਪੱਰ ਹੈ ਅਤੇ ਰੱਬ ਦੀ ਇਛੱਾ ਅਨੁਸਾਰ ਹੈ ਜੋ ਕੁਰਆਨ ਕਰੀਮ ਲਿਆਇਆ ਹੈ ਅਤੇ ਮੁਕਤੀ ਦੇ ਦਰ ਵਿੱਚ ਦਾਖ਼ਲ ਹੋਣ ਲਈ 'ਲਾ ਇਲਾਹਾ ਇਲੱਲੱਾਹੁ ਮੁਹਮੱਦਰੱਸੂਲੁਲੱਾਹਿ' (لَآ اِلٰہَ اِلَّا اللّٰہُ مُحَمَّدٌ رَّسُوْلُ اللّٰہِ) ਦਾ ਦਰ ਖੁਲੱਾ ਹੈ

ਫਿਰ ਇਕ ਮੌਕੇ ਆਪ ਨੇ ਫ਼ਰਮਾਇਆ ਕਿ ਇਸ ਗੱਲ ਨੂੰ ਵੀ ਮਨ ਨਾਲ ਸੁਣੋ ਕਿ ਮੇਰੇ ਪ੍ਰਕਟ ਹੋਣ ਦਾ ਅਖੀਰੀ ਕਾਰਣ ਕੀ ਹੈ, ਮੰਤਵ ਕੀ ਹੈ ਮੁਢੱਲਾ ਕਾਰਨ ਕੀ ਹੈ ? ਮੇਰੇ ਆਉਣ ਦਾ ਭਾਵ ਤੇ ਉਦੇਸ਼ ਕੇਵਲ ਇਸਲਾਮ ਦਾ ਪੁਨਰਉਥੱਾਨ ਤੇ ਪੱਖਤਾ ਹੈ। ਇਸ ਤੋਂ ਇਹ ਨਹੀਂ ਸਮਝਣਾ ਚਾਹੀਦਾ ਹੈ ਕਿ ਮੈਂ ਇਸ ਲਈ ਆਇਆ ਹਾਂ ਕਿ ਕੋਈ ਨਵੀਂ ਸ਼ਰੀਅਤ ਸਿਖਾਵਾਂ ਜਾਂ ਨਵੇਂ ਆਦੇਸ਼ ਦਿਆਂ ਜਾਂ ਕੋਈ ਨਵੀਂ ਕਿਤਾਬ ਨਾਜ਼ਲ ਹੋਵੇਗੀ, ਉਕੱਾ ਹੀ ਨਹੀਂ । ਜੇਕਰ ਕੋਈ ਵਿਅਕਤੀ ਇਹ ਵਿਚਾਰ ਕਰਦਾ ਹੈ ਤਾਂ ਮੇਰੇ ਅਨੁਸਾਰ ਉਹ ਸਖ਼ਤ ਗੁਮਰਾਹ ਤੇ ਅਧਰਮੀ ਹੈ । ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਉਪੱਰ ਸ਼ਰੀਅਤ ਤੇ ਨਬੁਵੱਤ ਦਾ ਖ਼ਾਤਮਾ ਹੋ ਚੁੱਕਿਆ ਹੈ । ਹੁਣ ਕੋਈ ਸ਼ਰੀਅਤ ਨਹੀਂ ਆ ਸਕਦੀ । ਕੁਰਆਨ ਮਜੀਦ "ਖ਼ਾਤਮੁਲ ਕੁਤੁਬ" ਹੈ । ਇਸ ਵਿੱਚ ਹੁਣ ਇਕ ਲਗਾਂ ਮਾਤਰਾ ਵੀ ਘੱਟ ਵੱਧ ਦੀ ਗੁੰਜਾਇਸ਼ ਨਹੀਂ ਹੈ । ਹਾਂ ਇਹ ਸਚੱ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀਆਂ ਬਰਕਤਾਂ ਤੇ ਫ਼ੈਜ਼ ਅਤੇ ਕੁਰਆਨ ਸ਼ਰੀਫ਼ ਦੀ ਸਿੱਖਿਆ ਅਤੇ ਹਿਦਾਇਤਾਂ ਦੇ ਫ਼ਲ ਦਾ ਖਾਤਮਾ ਨਹੀਂ ਹੋਇਆ । ਉਹ ਹਰ ਜੁੱਗ ਵਿੱਚ ਨਿਰੋਲ ਤੇ ਤਾਜ਼ਾ ਬਤਾਜ਼ਾ ਮੌਜੂਦ ਹਨ ਅਤੇ ਉਹਨਾਂ ਹੀ ਲਾਭਾਂ ਤੇ ਬਰਕਤਾਂ ਦੇ ਪ੍ਰਮਾਣ ਲਈ ਰੱਬ ਨੇ ਮੈਨੂੰ ਖੜਾ ਕੀਤਾ ਹੈ ਫਿਰ ਇਕ ਮੌਕੇ ਮਸੀਹ ਮੌਊਦ ਦੇ ਪ੍ਰਕਟ ਹੋਣ ਦੇ ਮੰਤਵ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਮੇਰੇ ਆਉਣ ਦੇ ਦੋ ਮੰਤਵ ਹਨ ਮੁਸਲਮਾਨਾਂ ਲਈ ਇਹ ਕਿ ਅਸਲ ਤਕਵਾ (ਸੰਜਮਤਾ) ਤੇ ਪਵਿਤੱਰਤਾ ਉਪੱਰ ਕਾਇਮ ਹੋ ਜਾਣ ਅਤੇ ਅਜਿਹੇ ਸੱਚੇ ਮੁਸਮਲਾਨ ਹੋ ਜਾਣ ਜੋ ਮੁਸਲਮਾਨ ਦੇ ਭਾਵਅਰਥ ਵਿੱਚ ਰੱਬ ਦੀ ਇਛੱਾ ਹੈ ਅਤੇ ਇਸਾਈਆਂ ਲਈ ਸਲੀਬ ਨੂੰ ਭਨੱਣ ਵਾਲਾ ਹੋਵੇ ਅਤੇ ਉਹਨਾਂ ਦਾ ਬਣਾਉਟੀ ਰੱਬ ਦਿਖਾਈ ਨ ਦੇਵੇ । ਦੁਨੀਆ ਉਸ ਨੂੰ ਉਕੱਾ ਹੀ ਭੁੱਲ ਜਾਵੇ । ਇਕ ਰੱਬ ਦੀ ਇਬਾਦਤ ਹੋਵੇ । ਮੇਰੇ ਇਹਨਾ ਮੰਤਵਾਂ ਨੂੰ ਦੇਖਕੇ ਲੋਕ ਇਹ ਲੋਕ ਮੇਰੀ ਵਿਰੋਧਤਾ ਕਿਉ ਕਰਦੇ ਹਨ । ਚੇਤੇ ਰੱਖੋ ਮੇਰਾ ਸਿਲਸਿਲਾ ਜੇਕਰ ਨਿਰੀ ਦੁਕਾਨਦਾਰੀ ਹੈ ਤਾਂ ਇਸ ਦਾ ਨਾਂ ਨਿਸ਼ਾਨ ਮਿੱਟ ਜਾਵੇਗਾ ਪਰ ਜੇਕਰ ਰੱਬ ਵੱਲੋਂ ਹੈ ਅਤੇ ਨਿਸ਼ਚੇ ਹੀ ਰੱਬ ਵੱਲੋਂ ਹੈ ਤਾਂ ਸਾਰੀ ਦੁਨੀਆ ਵਿੱਚ ਭਾਵੇਂ ਸਾਰੀ ਦੁਨੀਆ ਇਸ ਦੀ ਵਿਰੋਧਤਾ ਕਰੇ ਇਹ ਵਧੇਗਾ ਅਤੇ ਫੈਲੇਗਾ ਅਤੇ ਫ਼ਰਿਸ਼ਤੇ ਇਸ ਦੀ ਸੁਰੱਖਿਆ ਕਰਨਗੇ । (ਇੰਸ਼ਾਅਲੱਾਹ) । ਜੇਕਾ ਇਕ ਵਿਅਕਤੀ ਵੀ ਮੇਰੇ ਨਾਲ ਨ ਹੋਵੇ ਅਤੇ ਕੋਈ ਵੀ ਮਦਦ ਨੇ ਦੇਵੇ ਫਿਰ ਵੀ ਮੈਂ ਵਿਸ਼ਵਾਸ ਰਖੱਦਾ ਹਾਂ ਕਿ ਇਹ ਸਿਲਸਿਲਾ (ਜਮਾਤ) ਸਫ਼ਲ ਹੋਵੇਗਾ । ਅੱਜ 127 ਸਾਲ ਹੋਣ ਦੇ ਬਾਦ ਵੀ ਅਸੀਂ ਦੇਖਦੇ ਹਾਂ ਕਿ ਰੱਬ ਦੀ ਤਾਈਦ (ਪਖੱਤਾ) ਆਪ ਦੇ ਨਾਲ ਹੈ ਅਤੇ ਇਹ ਜਮਾਤ ਰੱਬ ਦੀ ਮਿਹਰ ਨਾਲ ਤਰੱਕੀ ਕਰ ਰਹੀ ਹੈ । ਇਸ ਲਈ ਸਾਡਾ ਫ਼ਰਜ਼ ਹੈ ਅਸੀਂ ਆਪਣੀਆਂ ਹਾਲਤਾਂ ਵਿੱਚ ਪਵਿਤੱਰ ਤਬਦੀਲੀ ਕਰਕੇ ਆਪਣੇ ਆਪ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮੰਤਵਾਂ ਦੀ ਪ੍ਰਾਪਤੀ ਵਿੱਚ ਸਹਾਇਕਿ ਬਣਾਈਏ ਅਤੇ ਉਸ ਫ਼ੈਜ਼ (ਲਾਭ) ਤੋਂ ਹਿਸੱਾ ਪ੍ਰਾਪਤ ਕਰੀਏ ਜੋ ਆਪ ਦੇ ਪ੍ਰਕਟ ਹੋਣ ਦਾ ਮੰਤਵ ਹੈ ਜੋ ਆਪ ਜੀ ਨੂੰ ਮਨ੍ਹਣ ਨਾਲ ਮਿਲਣਾ ਹੈ, ਨਹੀਂ ਤਾਂ ਜਿਵੇਂ ਕਿ ਆਪ ਨੇ ਫ਼ਰਮਾਇਆ ਆਪ ਨੂੰ ਸਾਡੇ ਵਿੱਚੋਂ ਕਿਸੇ ਦੀ ਵੀ ਲੋੜ ਨਹੀਂ । ਰੱਬ ਆਪ ਹੀ ਫ਼ਰਿਸਤਿਆਂ ਰਾਹੀਂ ਆਪ ਦੀ ਮਦਦ ਕਰਕੇ ਆਪਦੀ ਜਮਾਤ ਨੂੰ ਤਰੱਕੀ ਦੇ ਸਕਦਾ ਹੈ ਅਤੇ ਦਿੰਦਾ ਹੈ ।

ਫਿਰ ਆਪਣੇ ਪ੍ਰਕਟ ਹੋਣ ਦੇ ਮੰਤਵ ਨੂੰ ਵਰਨਣ ਕਰਦਿਆਂ ਹੋਇਆਂ ਇਕ ਮੌਕੇ ਆਪ ਨੇ ਫ਼ਰਮਾਇਆ ਕਿ ਰੱਬ ਨੇ ਮੈਨੂੰ ਇਸ ਲਈ ਪ੍ਰਕਟ ਕੀਤਾ ਕਿ ਮੈਂ ਉਹਨਾਂ ਦੱਬੇ ਹੋਏ ਖ਼ਜ਼ਾਨਿਆਂ ਨੂੰ ਦੁਨੀਆਂ ਵਿੱਚ ਪ੍ਰਕਟ ਕਰ ਦਿਆਂ ਅਤੇ ਨਾਪਾਕ ਇਤਰਾਜ਼ਾਂ ਦਾ ਚਿਕੱੜ ਜੋ ਇਹਨਾਂ ਲਿਸ਼ਕਦੇ ਜਵਾਹਰਾਂ ਉਪੱਰ ਥੋਪਿਆ ਗਿਆ ਹੈ, ਉਸ ਤੋਂ ਇਹਨਾਂ ਨੂੰ ਪਾਕ ਤੇ ਸਾਫ਼ ਕਰਾਂ । ਰੱਬ ਦੀ ਗੈਰਤ ਇਸ ਸਮੇਂ ਬਹੁਤ ਜੋਸ਼ ਵਿੱਚ ਹੈ ਕਿ ਕੁਰਆਨ ਕਰੀਮ ਦੇ ਸਨਮਾਨ ਨੂੰ ਹਰ ਦੁਸ਼ਟ ਵੈਰੀ ਦੇ ਇਤਰਾਜ਼ ਦੇ ਦਾਗ਼ ਤੋਂ ਪਵਿਤੱਰ ਤੇ ਸੁਸੱਜਿਤ ਕਰੇ । ਭਾਵ ਅਜਿਹੀ ਅਵਸਥਾ ਵਿੱਚ ਵਿਰੋਧੀ ਲੇਖਣੀ ਰਾਹੀਂ ਸਾਡੇ ਉਪੱਰ ਵਾਰ ਕਰਨਾ ਚਾਹੁੰਦੇ ਹਨ ਅਤੇ ਕਰਦੇ ਹਨ । ਕਿੰਨ੍ਹੀ ਮੂਰਖਤਾ ਹੋਵੇਗੀ ਕਿ ਅਸੀਂ ਉਹਨਾਂ ਤੋਂ ਡਾਂਗੋ ਡਾਂਗੀ ਹੋਣ ਨੂੰ ਤਿਆਰ ਹੋ ਜਾਈਏ । ਮੈਂ ਤੁਹਾਨੂੰ ਖੋਲਕੇ ਦਸੱਦਾ ਹਾਂ ਕਿ ਅਜਿਹੀ ਅਵਸਥਾ ਵਿੱਚ ਜੇਕਰ ਕੋਈ ਇਸਲਾਮ ਦਾ ਨਾਂ ਲੈਕੇ ਜੰਗ ਤੇ ਜੁਧੱਾਂ ਦਾ ਢੰਗ ਉਤੱਰ ਲਈ ਅਪਣਾਏ ਤਾਂ ਉਹ ਇਸਲਾਮ ਨੂੰ ਬਦਨਾਮ ਕਰਨ ਵਾਲਾ ਹੋਵੇਗਾ ਅਤੇ ਇਸਲਾਮ ਦਾ ਕਦੇ ਵੀ ਅਜਿਹਾ ਉਦੇਸ਼ ਨਹੀਂ ਸੀ ਕਿ ਵਿਅਰਥ ਅਤੇ ਅਕਾਰਣ ਹੀ ਤਲਾਵਾਰ ਚੁੱਕੀ ਜਾਵੇ । ਇਸ ਲਈ ਲੋੜ ਇਸ ਗੱਲ ਦੀ ਹੈ ਕਿ ਸਭ ਤੋਂ ਪਹਿਲਾਂ ਆਪਣੇ ਮਨ ਤੇ ਬੁੱਧੀ ਤੋਂ ਕੰਮ ਲੈਂਣ ਅਤੇ ਨਫ਼ਸ ਦੀ ਪੜਤਾਲ ਕਰਨ ਸੁਮਾਰਗ ਤੇ ਤਕਵਾ ਰਾਹੀਂ ਰੱਬ ਦੀ ਮਦਦ ਨਾਲ ਫ਼ਤਹਿ ਦੀ ਇਛੱਾ ਕਰਨ । ਇਹ ਰੱਬ ਦਾ ਅਟਲ ਕਾਨੂਨ ਹੈ ਅਤੇ ਪਕੱਾ

ਉਸੂਲ ਹੈ ਅਤੇ ਜੇਕਰ ਮੁਸਲਮਾਨ ਕੇਵਲ ਕਥਨਾਂ ਤੇ ਗੱਲਾਂ ਰਾਹੀਂ ਮੁਕਾਬਲੇ ਵਿੱਚ ਸਫ਼ਲਤਾ ਤੇ ਫ਼ਤਹਿ ਚਾਹੁਣ ਤਾਂ ਇਹ ਸੰਭਵ ਨਹੀਂ। ਰੱਬ ਨਿਰੀਆਂ ਗਲੱਾਂ ਤੇ ਸ਼ਬਦਾਂ ਨੂੰ ਨਹੀਂ ਚਾਹੁੰਦਾ ਉਹ ਤਾਂ ਹਕੀਕੀ ਤਕਵਾ ਨੂੰ ਚਾਹੁੰਦਾ ਹੈ ਅਤੇ ਸੱਚੀ ਪਵਿੱਤਰਤਾ ਨੂੰ ਪਸੰਦ ਕਰਦਾ ਹੈ ਜਿਵੇਂ ਕਿ ਫ਼ਰਮਾਇਆ ਹੈ "ਇਨੱਲੱਾਹਾ ਮਾਅਲੱਜ਼ੀਨਤੱਾਕਉ ਵਲੱਜ਼ੀਨਾ ਹੁਮ ਮੁਹਸਿਨੂਨ" (إِنَّ اللّٰهَ مَعَ الَّذِينَ اتَّقَوا وَّالَّذِينَ هُمْ مُّحْسِنُونَ) ਸੋ, ਇਹ ਤਕਵਾ ਹੈ ਜੋ ਅਸੀ ਆਪਣੇ ਅੰਦਰ ਪੈਦਾ ਕਰਕੇ ਇਸਲਾਮ ਦੀ ਸੁੰਦਰ ਸਿੱਖਿਆ ਦੁਨੀਆ ਨੂੰ ਦਸੱਣੀ ਹੈ। ਮੁਸਲਮਾਨਾਂ ਨੂੰ ਵੀ ਦਸੱਣਾ ਹੈ ਕਿ ਇਸਲਾਮ ਦਾ ਫੈਲਣਾ ਤਕਵਾ (ਸੰਜਮਤਾ) ਦੀ ਸ਼ਰਤ ਨਾਲ ਹੈ। ਇਸ ਲਈ ਅਤਿਆਚਾਰ ਤੇ ਜ਼ੁਲਮ ਵਿੱਚ ਵਧੱਣ ਦੀ ਥਾਂ ਤਕਵਾ ਪੈਦਾ ਕਰੋ ਅਤੇ ਇਸ ਵਿੱਚ ਵਧੋ। ਇਹ ਇਸਲਾਮ ਦੇ ਨਾਂ'ਤੇ ਜੋ ਹਮਲੇ ਹੁੰਦੇ ਹਨ ਇਹ ਇਸਲਾਮ ਦੀ ਪੱਖ ਵਿੱਚ ਨਹੀਂ ਹਨ ਸਗੋਂ ਇਹ ਬਦਨਾਮੀ ਦਾ ਸਾਧਨ ਹਨ ਅਤੇ ਨਿਦੋਸ਼ਾਂ ਦਾ ਕਤਲ ਰੱਬ ਦੀ ਨਰਾਜ਼ਗੀ ਦਾ ਸਾਧਨ ਬਣ ਰਿਹਾ ਹੈ।

ਬੀਤੇ ਦਿਨੀ ਜੋ ਬੈਲਜੀਅਮ ਵਿਚ ਨਿਰਦੋਸ਼ਾਂ ਦਾ ਕਤਲ ਹੋਇਆ ਹੈ ਇਹ ਦਹਿਸ਼ਤਗਰਦੀ (ਆਤੰਕ) ਜੋ ਹੋਇਆ ਹੈ ਜਿਸ ਤੋਂ ਦਰਜਨਾ ਨਿਰਦੋਸ਼ਾਂ ਦੇ ਕਤਲ ਹੋਏ ਹਨ ਅਤੇ ਸੈਂਕੜੇ ਹੀ ਜ਼ਖ਼ਮੀ ਹੋਏ ਹਨ ਇਹ ਕਦੇ ਵੀ ਰੱਬ ਦੀ ਰਜ਼ਾ ਪ੍ਰਾਪਤ ਕਰਨ ਵਾਲੇ ਨਹੀਂ ਹੋ ਸਕਦੇ। ਇਸ ਜੁੱਗ ਵਿੱਚ ਜੱਦ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਖੁੱਲਕੇ ਦੱਸ ਦਿਤੱਾ ਹੈ ਕਿ ਹੁਣ ਧਰਮ ਲਈ ਜੰਗਾ ਤੇ ਜੁੱਧ ਹਰਾਮ ਹਨ। ਇਹ ਹਰਕਤਾਂ ਰੱਬ ਦੀ ਨਰਾਜ਼ਗੀ ਦਾ ਸਬਬ ਬਣ ਰਹੀਆਂ ਹਨ ਅਤੇ ਇਸ ਜੁੱਗ ਵਿੱਚ ਕੋਈ ਨਹੀਂ ਕਹਿ ਸਕਦਾ ਕਿ ਸਾਨੂੰ ਇਹ ਸੰਦੇਸ਼ ਨਹੀਂ ਪਹੁੰਚਿਆ ਹੈ। ਹਰ ਇਕ ਜਾਣਦਾ ਹੈ ਕਿ ਇਹ ਸੰਦੇਸ਼ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਬਹੁਤ ਹੀ ਸਪਸ਼ਟ ਤੇ ਪ੍ਰਤਖ ਹੈ ਕਿ ਹੁਣ ਧਰਮ ਲਈ ਇਹ ਜੰਗਾ ਤੇ ਜੁੱਧ ਹਰਾਮ ਹਨ। ਰੱਬ ਧਰਮ ਦੇ ਨਾਂ'ਤੇ ਜ਼ੁਲਮ ਕਰਨ ਵਾਲਿਆਂ ਜਾਂ ਮੁਸਲਮਾਨ ਹੁੰਦਿਆਂ ਹੋਇਆਂ ਜ਼ੁਲਮ ਕਰਨ ਵਾਲਿਆਂ ਨੂੰ ਅਕਲ ਦੇਵੇ। ਭਾਵੇਂ ਉਹ ਸਰਕਾਰਾਂ ਹਨ, ਦੱਲ ਜਾਂ ਧੜੇ ਹਨ, ਉਹ ਸਮੇਂ ਦੇ ਇਮਾਮ ਦੀ ਅਵਾਜ਼ ਨੂੰ ਸੁਨਣ ਅਤੇ ਜ਼ੁਲਮਾਂ ਤੋਂ ਬਾਜ਼ ਆਉਣ ਅਤੇ ਇਸ ਹਕੀਕੀ ਹੱਥਿਆਰ ਨੂੰ ਵਰਤਨ ਜੋ ਇਸ ਜੁੱਗ ਵਿੱਚ ਮਸੀਹ ਮੌਊਦ ਨੂੰ ਪ੍ਰਦਾਨ ਹੋਇਆ ਹੈ। ਆਪ ਇਕ ਥਾਂ ਫ਼ਰਮਾਉਂਦੇ ਹਨ ਕਿ ਇਸ ਸਮੇਂ ਜੋ ਲੋੜ ਹੈ ਉਹ ਨਿਸ਼ਚੇ ਹੀ ਤਲਵਾਰ ਦੀ ਨਹੀਂ ਲੇਖਣੀ ਦੀ ਹੈ। ਸਾਡੇ ਵਿਰੋਧੀਆਂ ਨੇ ਜੋ ਆਰੋਪ ਇਸਲਾਮ ਉਪੱਰ ਲਾਏ ਹਨ ਅਤੇ ਵੱਖ ਵੱਖ ਵਿਗਿਆਨਕ ਤੇ ਆਪਣੀਆਂ ਚਾਲਾਂ ਰਾਹੀਂ ਰੱਬ ਦੇ ਸੱਚੇ ਧਰਮ ਉਪੱਰ ਹਮਲਾ ਕਰਨਾ ਚਾਹੁੰਦੇ ਹਨ ਉਸ ਨੇ ਮੈਨੂੰ ਆਕਰਸ਼ਤ ਕੀਤਾ ਹੈ ਕਿ ਮੈਂ ਲੇਖਣੀ ਦਾ ਅਸਲ੍ਹਾ ਪਾਕੇ ਇਸ ਵਿਗਿਆਨਕ ਤੇ ਵਿਦਿਅਕ ਖੇਤਰ ਦੀ ਰਣਭੂਮੀ ਵਿੱਚ ਉਤਰਾਂ ਅਤੇ ਇਸਲਾਮ ਦੀ ਰੂਹਾਨੀ ਵਿਲਖੱਣਤਾ ਅਤੇ ਆਂਤਰਕ ਸ਼ਕਤੀਆਂ ਦੇ ਕਰਿਸ਼ਮੇ ਦਿਖਾਵਾਂ। ਮੈਂ ਇਕ ਸਮੇਂ ਇਹਨਾਂ ਇਤਰਾਜ਼ਾਂ ਤੇ ਹਮਲਿਆਂ ਦੀ ਗਿਣਤੀ ਕੀਤੀ ਸੀ ਜੋ ਇਸਲਾਮ ਉਪੱਰ ਸਾਡੇ ਵਿਰੋਧੀਆਂ ਨੇ ਕੀਤੇ ਹਨ ਤਾਂ ਉਹਨਾ ਦੀ ਗਿਣਤੀ ਮੇਰੇ ਵਿਚਾਰ ਤੇ ਅਨੁਮਾਨ ਅਨੁਸਾਰ ਤਿੰਨ ਹਜ਼ਾਰ ਹੋਈ ਸੀ। ਇਹ ਇਤਰਾਜ਼ ਤਾਂ ਦੂਰਅੰਦੇਸ਼ੀਆਂ ਅਤੇ ਨਾਦਾਨਾ ਦੀ ਦ੍ਰਿਸ਼ਟੀ ਵਿੱਚ ਇਤਰਾਜ਼ ਹਨ ਪਰ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਮੈਂ ਜਿੱਥੇ ਇਹਨਾਂ ਇਤਰਾਜ਼ਾਂ ਨੂੰ ਗਿਣਤੀ ਕੀਤੀ ਹੈ ਓਥੇ ਇਹ ਵੀ ਗੌਰ ਕੀਤਾ ਹੈ ਕਿ ਇਹਨਾਂ ਇਤਰਾਜ਼ਾਂ ਦੀ ਤਹਿ ਵਿੱਚ ਵਾਸਤਵ ਵਿੱਚ ਬਹੁਤ ਹੀ ਬਹੁਮੁੱਲ ਸੱਚਾਈਆਂ ਮੌਜੂਦ ਹਨ ਜੋ ਅੰਤਰਦ੍ਰਿਸ਼ਟੀ ਦੀ ਘਾਟ ਕਰਕੇ ਇਤਰਾਜ਼ ਕਰਨ ਵਾਲਿਆਂ ਨੂੰ ਦਿਖਾਈ ਨਹੀ ਦਿੱਤੀਆਂ ਅਤੇ ਵਾਸਤਵ ਵਿੱਚ ਇਹ ਰੱਬ ਦੀ ਦਾਨਾਈ ਹੈ ਕਿ ਜਿੱਥੇ ਨਾਬੀਨਾ ਇਤਰਾਜ਼ ਕਰਤਾ ਆਣਕੇ ਅਟੱਕਿਆ ਹੈ ਓਥੇ ਹੀ ਸਚੱਾਈਆਂ ਤੇ ਮਆਰਫ਼ਤ ਦਾ ਖ਼ਜ਼ਾਨਾ ਰੱਖਿਆ ਹੈ। ਫਿਰ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਰੱਬ ਨੇ ਇਸਲਾਮੀ ਨੂਰ ਦਿਖਾਉਣ ਲਈ ਆਪ ਨੂੰ ਭੇਜਿਆ ਹੈ ਅਤੇ ਇਹ ਕਿ ਇਸਾਈਆਂ ਦਾ ਅਕੀਦਾ (ਆਸਥਾ) ਤਾਂ ਅਜਿਹਾ ਹੈ ਕਿ ਜਿਸ ਦੀ ਉਹਨਾਂ ਨੂੰ ਆਪ ਸਮਝ ਨਹੀਂ ਹੈ। ਆਪ ਫ਼ਰਮਾਉਂਦੇ ਹਨ ਕਿ ਇਹ ਤਾਂ ਗੱਲ ਪਿਆ ਢੋਲ ਹੈ ਜੋ ਇਹ ਲੋਕ ਵਜਾ ਰਹੇ ਹਨ। ਭਾਵ ਇਹਨਾਂ ਲੋਕਾਂ ਦੇ ਸਿਧੱਾਂਤਾਂ (ਅਕੀਦਿਆਂ) ਦਾ ਕਿੱਥੋਂ ਤੱਕ ਵਰਨਣ ਕੀਤਾ ਜਾਵੇ ਵਾਸਤਵਿਕਤਾ ਉਹੋ ਹੈ ਜੋ ਇਸਲਾਮ ਲੈਕੇ ਆਇਆ ਹੈ ਅਤੇ ਰੱਬ ਨੇ ਮੈਨੂੰ ਮਾਮੂਰ (ਸੁਧਾਰਕ ਨਿਰਧਾਰਤ) ਕੀਤਾ ਹੈ ਮੈਂ ਉਸ ਨੂਰ ਨੂੰ ਜੋ ਇਸਲਾਮ ਵਿੱਚ ਮਿਲਦਾ ਹੈ ਉਹਨਾਂ ਨੂੰ ਜੋ ਵਾਸਤਵਿਕਤਾ ਦੇ ਇਛੁੱਕ ਹਨ ਦਿਖਾਵਾਂ, ਸੱਚ ਇਹੋ ਹੈ ਕਿ ਰੱਬ ਹੈ। ਇਹ ਮਾਣ ਤੇ ਵੱਡਿਆਈ ਕੇਵਲ ਇਸਲਾਮ ਨੂੰ ਹੀ ਹੈ ਕਿ ਹਰ ਜੁੱਗ ਵਿੱਚ ਪਖੱਤਾ ਪੂਰਨ ਚਮਤਕਾਰ ਉਸਦੇ ਨਾਲ ਹੁੰਦੇ ਹਨ ਅਤੇ ਇਸ ਜੁੱਗ ਨੂੰ ਰੱਬ ਨੇ ਵਾਂਜਿਆਂ ਨਹੀਂ ਰੱਖਿਆ। ਮੈਨੂੰ ਇਸੇ

ਮੰਤਵ ਲਈ ਭੇਜਿਆ ਹੈ ਕਿ ਇਹਨਾ ਪਖੱਤਾ ਪੂਰਨ ਚਮਤਕਾਰਾਂ ਰਾਹੀਂ ਜੋ ਇਸਲਾਮ ਦੀ ਵਿਸ਼ੇਸ਼ਤਾ ਹੈ ਇਸ ਜੁੱਗ ਵਿੱਚ ਇਸਲਾਮ ਦੀ ਸਚੱਾਈ ਦੁਨੀਆ'ਤੇ ਪ੍ਰਕਟ ਕਰਾਂ । ਮੁਬਾਰਕ ਉਹ ਜੋ ਇਕ ਸੁਚੱਾ ਦਿਲ ਲੈਕੇ ਕੇਰੇ ਕੋਲ ਆਉਂਦੇ ਹਨ ਅਤੇ ਫਿਰ ਸਚੱਾਈ ਦੇਖਕੇ ਉਸ ਨੂੰ ਕੁਬੂਲ ਕਰਦੇ ਹਨ ।

ਫਿਰ ਮੁਸਲਮਾਨਾ ਦੇ ਵੀ ਗ਼ਲਤ ਅਕੀਦਿਆਂ ਦਾ ਰੱਦ ਕਰਦਿਆਂ ਹੋਇਆਂ ਕਿ ਹਜ਼ਰਤ ਈਸਾ ਆਕਾਸ਼ ਉਪੱਰ ਜੀਉਂਦੇ ਹਨ ਇਸ ਵਾਸਤਵਿਕਤਾ ਨੂੰ ਖੋਲ੍ਹਕੇ ਮੁਸਲਮਾਨਾ ਨੂੰ ਵੀ ਦੱਸਿਆ ਕਿ ਰੱਬ ਨੇ ਮੈਂਨੂ ਇਸ ਲਈ ਭੇਜਿਆ ਹੈ ਕਿ ਮੈਂ ਇਸ ਗ਼ਲਤ ਅਕੀਦੇ ਦਾ ਸ਼ੋਸ਼ਣ ਕਰਾਂ, ਇਸ ਨੂੰ ਜੜ੍ਹੋਂ ਪੁੱਟ ਦਿਆਂ ਜੋ ਈਸਾਈਆਂ ਨੇ ਮੁਸਲਮਾਨਾਂ ਵਿੱਚ ਪੈਦਾ ਕਰ ਦਿਤੱਾ ਹੈ । ਇਕ ਮੌਕੇ ਮਸੀਹ ਦੀ ਲੋੜ ਬਾਰੇ ਵਰਨਣ ਕਰਦਿਆਂ ਹੋਇਆਂ ਆਪ ਨੇ ਫ਼ਰਮਾਇਆ ਕਿ ਇਸ ਸਮੇਂ ਮਸੀਹ ਦੇ ਆਉਣ ਦੀ ਕੀ ਲੋੜ ਹੈ ਪ੍ਰਸ਼ਨ ਹੈ । ਜੇਕਰ ਦੂਜਿਆਂ ਕਾਰਣਾ ਤੇ ਲੋੜਾਂ ਨੂੰ ਛੱਡ ਦਿਤੱਾ ਜਾਵੇ ਤਾਂ ਮੂਸਵੀ ਸਿਲਸਿਲੇ ਦੀ ਸਮਰੂਪਤਾ ਕਰਕੇ ਵੀ ਸਖ਼ਤ ਲੋੜ ਹੈ । ਇਸ ਲਈ ਕਿ ਹਜ਼ਰਤ ਮਸੀਹ ਅਲੈਹਿ ਸਲਾਮ ਮੂਸਾ ਅਲੈਹਿ ਸਲਾਮ ਦੇ ਬਾਦ ਚੋਦਵੀਂ ਸਦੀ ਵਿੱਚ ਆਏ ਸਨ । ਭਾਵ ਮੈਂ ਤਾਂ ਸ਼ੁਰੂ ਦੀ ਇਕ ਉਧਾਰਣ ਪੇਸ ਕਰਦਾ ਹਾਂ ਪਰ ਜੋ ਇਹ ਕਹਿੰਦੇ ਹਨ ਕਿ ਨਹੀਂ, ਹਜ਼ਰਤ ਮਸੀਹ ਆਪ ਹੀ ਮੁੜ ਆਉਣ ਗੇ, ਉਹਨਾ ਨੂੰ ਵੀ ਕੋਈ ਦਲੀਲ ਪੇਸ਼ ਕਰਨੀ ਚਾਹੀਦੀ ਹੈ ਅਤੇ ਜੇਕਰ ਉਹ ਨਹੀਂ ਕਰ ਸਕਦੇ ਅਤੇ ਨਿਸ਼ਚੇ ਹੀ ਉਹ ਨਹੀਂ ਕਰ ਸਕਦੇ ਤਾਂ ਫਿਰ ਕਿਉਂ ਅਜਿਹੀ ਗੱਲ ਕਰਦੇ ਹਨ ਜੋ ਨਵੀਂ ਕਾਢ ਵਿੱਚ ਦਾਖ਼ਲ ਹੈ । ਜੋ ਨਵੀਆਂ ਪੈਦਾ ਕੀਤੀਆਂ ਗੱਲਾਂ ਵਿੱਚੋਂ ਹਨ । ਨਵੀਂਆਂ ਕਾਢਾਂ ਤੋਂ ਗੁਰੇਜ਼ ਕਰੋ ਕਿਉਂਕਿ ਉਹ ਹਲਾਕਤ (ਤਬਾਹੀ) ਦਾ ਮਾਰਗ ਹੈ । ਮੈਂਨੂੰ ਮੁਸਲਮਾਨਾਂ ਦੀ ਹਾਲਤ ਉਪੱਰ ਦੁੱਖ ਹੁੰਦਾ ਹੈ ਕਿ ਉਹਨਾਂ ਦੇ ਸਾਹਮਣੇ ਯਹੂਦੀਆਂ ਦੀ ਇਕ ਉਧਾਰਣ ਪਹਿਲਾਂ ਤੋਂ ਹੀ ਮੌਜੂਦ ਹੈ ਅਤੇ ਪੰਜ ਵੇਲੇ ਆਪਣੀਆਂ ਨਮਾਜ਼ਾਂ ਵਿੱਚ 'ਗ਼ੈਰਿਲ ਮਗ਼ਜ਼ੂਬੇ ਅਲੈਹਿਮ' (غَيْرِ الْمَغْضُوبِ عَلَيْهِمْ) ਦੀ ਦੁਆ ਕਰਦੇ ਹਨ ਅਤੇ ਇਹ ਵੀ ਸਾਮੂਹਿਕ ਸਹਿਮਤੀ ਨਾਲ ਮਨ੍ਹਦੇ ਹਨ ਕਿ ਇਸ ਤੋਂ ਭਾਵ ਯਹੂਦੀ ਹਨ । ਫਿਰ ਮੇਰੀ ਸਮਝ ਵਿੱਚ ਨਹੀਂ ਆਓਠੁਦਾ ਕਿ ਕਿ ਇਸ ਮਾਰਗ ਨੂੰ ਕਿਉ ਅਪਣਾਉਂਦੇ ਹਨ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਆਪਣੀ ਸਚੱਾਈ ਉਪੱਰ ਚਾਰ ਪ੍ਰਕਾਰ ਦੇ ਨਿਸ਼ਾਨਾਂ ਦਾ ਵਰਨਣ ਕਰਦਿਆਂ ਹੋਇਆਂ ਫਰਮਾਉਂਦੇ ਹਨ ਕਿ ਪਹਿਲਾ ਅਰਬੀਦਾਨੀ ਦਾ ਨਿਸ਼ਾਨ ਹੈ ਅਤੇ ਇਹ ਉਸ ਸਮੇਂ ਮੈਂਨੂੰ ਮਿਲਿਆ ਜੱਦ ਤੋਂ ਮੁਹਮੱਦ ਹੁਸੈਨ ਬਟਾਲਵੀ ਸਾਹਬ ਨੇ ਲਿੱਖਿਆ ਕਿ ਇਹ ਨਿਮਾਣਾ ਅਰਬੀ ਦਾ ਇਕ ਹਿਸੱਾ ਵੀ ਨਹੀਂ ਜਾਣਦਾ ਜੱਦਕਿ ਅਸੀਂ ਪਹਿਲਾਂ ਕਦੇ ਵੀ ਦਾਵਾ ਨਹੀਂ ਕੀਤਾ ਸੀ ਕਿ ਅਰਬੀ ਦਾ ਕੋਈ ਭਾਗ ਆਉਂਦਾ ਹੈ । ਕਿਵੇਂ ਰੱਬ ਨੇ ਚਮਤਕਾਰੀ ਰੂਪ ਵਿੱਚ ਮਦਦ ਕੀਤੀ ਹੈ । ਫਿਰ ਅਸੀਂ ਉਹਨਾਂ ਲੇਖਣੀਆਂ ਦੀ ਪ੍ਰਕਾਸ਼ਨਾ ਨੂੰ ਵੱਡੇ ਪੁਸਕਾਰਾਂ ਨਾਲ ਪ੍ਰਕਾਸ਼ਤ ਕੀਤਾ ਅਤੇ ਕਿਹਾ ਕਿ ਜਿਸ ਤੋਂ ਚਾਹੋ ਮਦਦ ਲੈ ਲਓ ਅਤੇ ਭਾਸ਼ ਵਿਗਿਆਨੀ ਵੀ ਮਿਲਾ ਲਓ । ਮੈਂਨੂੰ ਰੱਬ ਨੇ ਇਸ ਗੱਲ ਦਾ ਨਿਸ਼ਚਾ ਦਿੱਤਾ ਹੈ ਕਿ ਉਹ ਉਕੱਾ ਹੀ ਕਾਦਰ ਨਹੀਂ ਹੋ ਸਕਦੇ ਕਿਉਂਕਿ ਇਹ ਨਿਸ਼ਾਨ (ਚਮਤਕਾਰ) ਮੈਂਨੂੰ ਕੁਰਆਨ ਕਰੀਮ ਦੇ ਅਸਾਧਾਰਣ ਗੁਣਾ ਵਿੱਚੋਂ ਪ੍ਰਤੀਬਿੰਬਤ ਰੂਪ ਵਿੱਚ ਮੈਂਨੂੰ ਦਿੱਤਾ ਗਿਆ ਹੈ ।

ਦੂਜਾ ਇਹ ਕਿ ਦੁਆਵਾਂ ਦਾ ਕੁਬੂਲ ਹੋਣਾ । ਮੈਂ ਅਰਬੀ ਲੇਖਣੀਆਂ ਦੌਰਾਨ ਤਜਰਬਾ ਕਰਕੇ ਦੇਖ ਲਿਆ ਹੈ ਕਿ ਕਿੰਨ੍ਹੀਆਂ ਬਹੁ ਗਿਣਤੀ ਵਿੱਚ ਮੇਰੀਆਂ ਦੁਆਵਾਂ ਕੁਬੂਲ ਹੋਈਆਂ ਹਨ । ਤੀਜਾ ਨਿਸ਼ਾਨ ਪੇਸਗੋਈਆਂ (ਭਵਿੱਖਬਾਣੀਆਂ) ਦਾ ਹੈ ਅਰਥਾਤ ਗ਼ੈਬ ਦੀਆਂ ਗੱਲਾਂ ਦਾ । ਇਲਹਾਮ ਕਰਤਾ ਦਾ ਗ਼ੈਬ ਦਾ ਪ੍ਰਗਟਾਵਾ ਆਪਣੇ ਅੰਦਰ ਇਲਾਹੀ ਸ਼ਕਤੀ ਅਤੇ ਰੱਬੀ ਰੂਹਬ ਰਖੱਦਾ ਹੈ ਕਿਉਂਕਿ ਰੱਬ ਨੇ ਕੁਰਆਨ ਕਰੀਮ ਵਿੱਚ ਸਾਫ਼ ਤੌਰ'ਤੇ ਫ਼ਰਮਾਇਆ ਹੈ ਕਿ 'ਫ਼ਲਾ ਯੁਜ਼ਹਿਰੁ ਅਲਾ ਗ਼ੈਬਿਹੀ ਆਹਾਦੁਨ, ਇਲੱਾ ਮਨਿਰਤਜ਼ਾ ਮਿਨ ਰਸੂਲਿਨ' (فَلَا يُظْهِرُ عَلَىٰ غَيْبِهِ أَحَدًا ۝ إِلَّا مَنِ ارْتَضَىٰ مِن رَّسُولٍ) ਏਥੇ ਪ੍ਰਗਟਾਵੇ ਦਾ ਸ਼ਬਦ ਪ੍ਰਕਟ ਕਰਦਾ ਹੈ ਕਿ ਉਸ ਵਿੱਚ ਇਕ ਸ਼ਾਨ ਮਹਾਨਤਾ ਤੇ ਸ਼ਕਤੀ ਹੁੰਦੀ ਹੈ । ਚੌਥਾ ਨਿਸ਼ਾਨ ਕੁਰਆਨ ਕਰੀਮ ਦੇ ਸੂਖਮ ਤੇ ਗੁੱਝੀ ਮਆਰਫ਼ਤ ਦਾ ਹੈ ਕਿਉਂਕਿ ਕੁਰਆਨ ਕਰੀਮ ਦੇ ਮਆਰਫ਼ (ਗਿਆਨ) ਉਸ ਮਨੁੱਖ ਤੋਂ ਬਿਨਾਂ ਕਿਸੇ ਹੋਰ ਉਪੱਰ ਨਹੀਂ ਖੁੱਲ ਸਕਦੇ ਜਿਸ ਦੀ ਸ਼ੁਧੱਤਾ ਹੋ ਚੁੱਕੀ ਹੋਵੇ । 'ਲਾ ਯਮਸੁੱਹੂ ਇਲੱਲ ਮੁਤਹੱਰੂਨ' (لَا يَمَسُّهُ إِلَّا الْمُطَهَّرُونَ) ਮੈਂ ਕਈ ਵਾਰ ਕਿਹਾ ਹੈ ਕਿ ਮੇਰੇ ਵਿਰੋਧੀ ਵੀ ਇਕ ਸੂਰਤ ਦੀ ਤਫ਼ਸੀਰ (ਵਿਆਖਿਆ) ਕਰਨ ਅਤੇ ਮੈਂ ਵੀ ਕਰਦਾ ਹਾਂ ਫਿਰ ਮੁਕਾਬਲਾ ਕਰ ਲਿਆ ਜਾਵੇ, ਪਰ ਕਿਸੇ ਨੇ ਜੁਰੱਤ ਨ ਕੀਤੀ । ਭਾਵ ਇਹ ਚਾਰ ਨਿਸ਼ਾਨ (ਚਮਤਕਾਰ) ਹਨ ਜੋ ਵਿਸ਼ੇਸ਼ ਰੂਪ ਵਿੱਚ ਮੇਰੀ ਸਚੱਾਈ ਲਈ ਮੈਂਨੂ ਮਿਲੇ ਹਨ ।

ਸੋ, ਅਸੀਂ ਖ਼ੁਸ਼ ਕਿਸਮਤ ਹਾਂ ਕਿ ਅਸੀਂ ਆਉਣ ਵਾਲੇ ਮਸੀਹ ਮੌਊਦ ਨੂੰ ਮਨ੍ਹ ਲਿਆ ਅਤੇ ਉਸ ਦੀ ਬੈਅਤ ਕਰਕੇ ਆਪਣੇ ਅੰਦਰ ਇਕ ਪਾਕ ਤਬਦੀਲੀ ਪੈਦਾ ਕਰਨ ਅਤੇ ਕੁਰਆਨੀ ਸਿੱਖਿਆ ਨੂੰ ਆਪਣੇ ਉਪੱਰ ਲਾਗੂ ਕਰਨ ਦਾ ਪ੍ਰਣ ਕੀਤਾ ਅਤੇ ਉਹਨਾਂ ਲੋਕਾਂ ਵਿੱਚ ਸ਼ਾਮਲ ਹੋਏ ਜੋ ਸ਼ੁਕਰਾਣੇ ਦੇ ਸਜੱਦੇ ਕਰਨ ਵਾਲੇ ਹਨ ਨ ਕਿ ਅੱਖਾਂ ਫੇਰਕੇ ਲੰਘ ਜਾਣ ਵਾਲੇ । ਇਹ ਰੱਬ ਦੀ ਸਾਡੇ ਉਪੱਰ ਮਿਹਰ ਤੇ ਉਪਕਾਰ ਹੈ ਕਿ ਰੱਬ ਨੇ ਸਾਨੂੰ ਇਸ ਜੁੱਗ ਵਿੱਚ ਪੈਦਾ ਕੀਤਾ ਜੱਦ ਕਿ ਮਸੀਹ ਮੌਊਦ ਦਾ ਪ੍ਰਗਟਾਵਾ ਹੋਇਆ ਅਤੇ ਇਸਲਾਮ ਦਾ ਪੁਨਰਉਥੱਾਨ ਦਾ ਅਰੰਭ ਹੋਇਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਉਸ ਰੱਬ ਤੋਂ ਮਿਲਾਇਆ ਜੋ ਜੀਉਂਦਾ ਰੱਬ ਹੈ ਜੋ ਅੱਜ ਵੀ ਸੁਣਦਾ ਹੈ ਅਤੇ ਬੋਲਦਾ ਹੈ ਜਿਵੇਂ ਕਿ ਪਹਿਲਾਂ ਸੁਣਦਾ ਤੇ ਬੋਲਦਾ ਸੀ । ਇਸ ਲਈ ਸਾਨੂੰ ਉਸਦਾ ਸ਼ਕਰਾਨਾ ਕਰਨਾ ਚਾਹੀਦਾ ਹੈ । ਇਸ ਬਾਰੇ ਇਕ ਹੋਰ ਵੀ ਗੱਲ ਕਰਨੀ ਚਾਹੁੰਦਾ ਹਾਂ ਬੀਤੇ ਦਿਨੀ 23 ਮਾਰਚ ਦੇ ਹਵਾਲੇ ਨਾਲ ਕੁਝ ਲੋਕ ਇਸ ਦੂਜੇ ਨੂੰ ਮੈਸਜ (Masseges) ਰਾਹੀਂ ਜੋ ਅੱਜ ਕੱਲ ਤਰੀਕਾ ਹੈ ਮੁਬਾਰਕਬਾਦ ਦੇ ਰਹੇ ਸਨ । ਫ਼ੋਨ'ਤੇ ਵਾਟਸ ਐਪ'ਤੇ । ਜੇਕਰ ਇਸ ਨੀਯਤ ਨਾਲ ਮੁਬਾਰਕ ਬਾਦੀਆਂ ਦਿੱਤੀ ਸਨ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਹੈ ਅਤੇ ਇਸ ਗੱਲ ਦਾ ਸ਼ੁਕਰਾਨਾ ਤੇ ਮੁਬਾਰਕਬਾਦੀ ਸੀ ਕਿ ਆਪ ਨੂੰ ਮਨੰਣ ਨਾਲ ਅਸੀਂ ਸੁਮਾਰਗ ਪ੍ਰਾਪਤ ਮੁਸਲਮਾਨਾਂ ਵਿੱਚ ਸ਼ਾਮਲ ਹੋ ਗਏ ਹਾਂ ਜੋ ਧਰਮ ਦੇ ਸਹਾਇਕ ਅਤੇ ਉਸ ਦੀਆਂ ਖ਼ੂਬੀਆਂ ਦੁਨੀਆ ਵਿੱਚ ਫੈਲਾਉਣ ਵਾਲੇ ਹਨ ਤਾਂ ਨਿਸ਼ਚੇ ਹੀ ਇਹ ਮੁਬਾਰਕ ਬਾਦੀਆਂ ਦੇਣਾ ਉਹਨਾ ਮੁਬਾਰਕਬਾਦ ਦੇਣ ਵਾਲਿਆਂ ਦਾ ਅਧਿਕਾਰ ਸੀ, ਇਸ ਵਿੱਚ ਕੋਈ ਹਰਜ ਨਹੀਂ ਹੈ ਅਤੇ ਇਸ ਵਿੱਚ ਕੋਈ ਬਿਦਅਤ (ਬੁਰਾਈ) ਨਹੀਂ । ਮੈਨੂੰ ਹੈਰਾਨੀ ਹੈ ਕਿ ਇਹਨਾਂ ਮੁਬਾਰਕਬਾਦ ਦੇਣ ਵਾਲਿਆਂ ਨੂੰ ਇਕ ਸਾਹਬ ਨੇ ਇਹਨਾਂ ਹੀ ਸੰਦੇਸ਼ਾਂ ਵਿੱਚ ਆਪਣੇ ਇਕ ਸੰਦੇਸ਼ ਰਾਹੀਂ ਇਕ ਪਤੱਰ ਲਿੱਖਕੇ ਸ਼ਖ਼ਤੀ ਨਾਲ ਰੋਕਿਆ ਅਤੇ ਕਿਹਾ ਕਿ ਇਸੇ ਪ੍ਰਕਾਰ ਤੁਸੀਂ ਲੋਕ ਬਿੱਦਤਾਂ (ਕੁਰੀਤੀਆ) ਵਿੱਚ ਫੱਸ ਜਾਓਗੇ ਜਿਵੇਂ ਕਿ ਬਾਕੀ ਮੁਸਲਮਾਨ ਪੈ ਗਏ ਹਨ । ਹੈਰਾਨੀ ਹੈ ਉਹਨਾਂ ਸਾਹਬ 'ਤੇ ਜੋ ਮੇਰੇ ਵਿਚਾਰ ਅਨੁਸਾਰ ਧਾਰਮਕ ਗਿਆਨ ਵੀ ਰਖੱਦੇ ਹਨ ਅਤੇ ਨਿਜ਼ਾਮ (ਵਿਵਸਥਾ) ਦਾ ਵੀ ਉਹਨਾਂ ਨੂੰ ਪਤਾ ਹੈ । ਇਹ ਕਿਵੇਂ ਕਹਿ ਸਕਦੇ ਹਨ ਕਿ ਤੁਸੀਂ ਬਿਦੱਤਾਂ (ਕੁਰੀਤੀਆਂ) ਵਿੱਚ ਪੈ ਜਾਓਗੇ । ਇਸ ਲਈ ਉਹਨਾਂ ਨੂੰ ਖ਼ਿਲਾਫ਼ਤ ਦੀ ਢਾਲ ਪਿੱਛੇ ਰਹਿੰਦਿਆਂ ਹੋਇਆਂ ਗੱਲ ਕਰਨੀ ਚਾਹੀਦੀ ਸੀ । ਖ਼ਿਲਾਫ਼ਤ ਦੇ ਕਦਮਾ ਤੋਂ ਅੱਗੇ ਵਧਣ ਦਾ ਜਤਨ ਨ ਕਰਨ ਜੋ ਵੀ ਕਰੇਗਾ ਫਿਸਲ ਜਾਵੇਗਾ, ਇਹ ਚੇਤੇ ਰਖੱਣ । ਜੇਕਰ ਉਹਨਾਂ ਦੇ ਮਨ ਵਿੱਚ ਕੁਝ ਭਰਮ ਸਨ ਤਾਂ ਉਹਨਾਂ ਨੂੰ ਚਾਹੀਦਾ ਸੀ ਕਿ ਮੈਨੂੰ ਲਿੱਖਦੇ ਅਤੇ ਜੇਕਰ ਰੋਕਣਾ ਹੁੰਦਾ ਤਾਂ ਇਹ ਸਮੇਂ ਦੇ ਖ਼ਲੀਫ਼ਾ ਦੀ ਜ਼ਿੰਮੇਦਾਰੀ ਹੈ ਕਿ ਰੋਕੇ ਜਾਂ ਜਮਾਤੀ ਵਿਵਸਥਾ ਰਾਹੀਂ ਰੋਕੇ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਦੇ ਮੰਤਵ ਨੂੰ ਸਮਝਣ ਅਤੇ ਉਸ ਉਪੱਰ ਅਮਲ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

ਖ਼ੁਤਬੇ ਦੇ ਅਖ਼ੀਰ ਵਿੱਚ ਮੁਕਰੱਮਾ ਮਹਮੂਦਾ ਸਾਅਦੀ ਸਾਹਿਬਾ ਸੁਪਤਨੀ ਮੁਕਰੱਮ ਮੁਸਲਿਹ ਹੁੱਦੀਨ ਸਾਅਦੀ ਸਾਹਬ ਮਰਹੂਮ ਅਤੇ ਮੁਕਰੱਮਾ ਸਯੱਦਹ ਮੁਬਾਰਕਾ ਬੇਗਮ ਸਾਹਿਬਾ ਸੁਪਤਨੀ ਮੁਕਰੱਮ ਅਬਦੁਲ ਬਾਰੀ ਸਾਹਬ ਦੇ ਜਨਾਜ਼ਿਆਂ ਦੇ ਨਾਲ ਮੁਕਰੱਮ ਨੂਰੁੱਦੀਨ ਚਿਰਾਗ ਜੋ ਕਿ ਚਿਰਾਗਦੀਨ ਸਾਹਬ ਮਰਹੂਮ ਆਫ਼ ਕਾਦੀਆਂ ਦੇ ਪੁਤੱਰ ਸਨ ਜਿੰਨ੍ਹਾ ਦੀ 15 ਮਾਰਚ ਨੂੰ 45 ਸਾਲ ਦੀ ਉਮਰ ਵਿੱਚ ਲੰਦਨ ਵਿੱਚ ਵਫ਼ਾਤ ਹੋਈ ਸੀ । ਹਜ਼ੂਰ ਨੇ ਸਦਗੁਣਾ ਤੇ ਸੇਵਾਵਾਂ ਦਾ ਵਰਨਣ ਕਰਦਿਆਂ ਹੋਇਆਂ ਨਮਾਜ਼ ਜਨਾਜਾ ਪੜ੍ਹਾਏ ਜਾਣ ਦੀ ਐਲਾਨ ਕੀਤਾ ।

**Khulasa Khutba 25.03.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131